cat protection society
OF NSW

# ਤੱਥਸ਼ੀਟ

## ਕੈਟ ਵੈਲਫੇਅਰ

ਬਿੱਲੀਆਂ ਗਜ਼ਬ ਦੀਆਂ ਪਾਲਤੂ ਜਾਨਵਰ ਬਣਦੀਆਂ ਹਨ – ਲਗਭਗ ਇੱਕ ਤਿਹਾਈ ਆਸਟ੍ਰੇਲੀਅਨ ਘਰਾਂ ਕੋਲ ਪਾਲਤੂ ਬਿੱਲੀ ਜਾਂ ਬਿੱਲੀਆਂ ਹਨ, ਅਤੇ ਲਗਭਗ ਸਾਰੇ ਉਹਨਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨਦੇ ਹਨ। ਪਾਲਤੂ ਬਿੱਲੀਆਂ ਸਾਡੇ ਲਈ ਵੀ ਚੰਗੀਆਂ ਹਨ – ਇਸਦੇ ਨਾਲ-ਨਾਲ ਉਹ ਸਾਥ ਦਿੰਦੀਆਂ ਹਨ, ਖੋਜ ਨੇ ਦਿਖਾਇਆ ਹੈ ਕਿ ਉਹ ਬਿਹਤਰ ਮਾਨਸਿਕ ਸਿਹਤ ਕਾਇਮ ਰੱਖਣ ਵਿੱਚ ਮਦਦ ਕਰਦੀਆਂ ਹਨ, ਅਤੇ ਸਾਨੂੰ ਖੁਸ਼ ਰੱਖਦੀਆਂ ਹਨ।

ਚਾਹੇ ਤੁਸੀਂ ਇੱਕ ਅਵਾਰਾ ਬਿੱਲੀ ਨੂੰ ਪਾਲਣ ਅਤੇ ਦੋਸਤ ਬਣਾਉਣ, ਇੱਕ ਸ਼ੈਲਟਰ ਤੋਂ ਗੋਦ ਲੈਣ, ਜਾਂ ਇੱਕ ਬ੍ਰੀਡਰ ਤੋਂ ਆਪਣੀ ਬਿੱਲੀ ਲੈਣ ਦਾ ਫੈਸਲਾ ਲਿਆ ਹੈ, ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਤੁਹਾਡੀ ਬਿੱਲੀ ਬਧੀਆ ਕੀਤੀ ਹੋਈ ਹੈ (ਉਸਦੀ ਨਸਬੰਦੀ ਹੋਈ ਹੈ)। ਤੁਹਾਡੀ ਬਿੱਲੀ ਦੀ ਨਸਬੰਦੀ ਬਿੱਲੀਆਂ ਦੀ ਜ਼ਿਆਦਾ ਆਬਾਦੀ ਹੋਣ ਤੋਂ ਰੋਕਦੀ ਹੈ ਅਤੇ ਇਹ ਤੁਹਾਡੀ ਬਿੱਲੀ ਅਤੇ ਵਾਤਾਵਰਣ ਲਈ ਸਹੀ ਹੈ।

**ਇੱਕ ਬਿੱਲੀ ਦੀ ਕਿਸ ਉਮਰ 'ਤੇ ਨਸਬੰਦੀ ਕਰਵਾਉਣੀ ਚਾਹੀਦੀ ਹੈ?**
ਅਧਿਕਤਮ ਸਿਹਤ ਅਤੇ ਸਮਾਜਿਕ ਫਾਇਦਿਆਂ ਲਈ, ਸਾਰੇ ਬਿੱਲੀ ਦੇ ਬੱਚਿਆਂ ਦੀ ਨਸਬੰਦੀ ਉਹਨਾਂ ਦੀ ਲੈਂਗਿਕ ਪਰਿਪੱਕਤਾ (12-16 ਹਫ਼ਤੇ/3 -4 ਮਹੀਨੇ) ਦੀ ਉਮਰ ਹੋਣ 'ਤੇ ਕਰਵਾਉਣੀ ਚਾਹੀਦੀ ਹੈ। ਹਾਲਾਂਕਿ ਨਸਬੰਦੀ ਵਾਲੀਆਂ ਵਿਅਸਕ ਬਿੱਲੀਆਂ ਦੁਆਰਾ ਅਣਇੱਛਿਤ ਬੱਚੇ ਰੋਕਣਾ ਕਦੇ ਵੀ ਲੇਟ ਨਹੀਂ ਹੁੰਦਾ।

ਬਿੱਲੀ ਦੇ ਬੱਚਿਆਂ ਦੀ 8-10 ਹਫ਼ਤਿਆਂ ਦੀ ਉਮਰ ਵਿੱਚ (1 ਕਿਲੋਗ੍ਰਾਮ ਦਾ ਵਜ਼ਨ ਹੋਣ ਤੱਕ) ਸੁਰੱਖਿਅਤ ਤਰੀਕੇ ਨਾਲ ਨਸਬੰਦੀ ਕੀਤੀ ਜਾ ਸਕਦੀ ਹੈ। ਸ਼ੁਰੂਆਤੀ-ਉਮਰ ਵਿੱਚ ਨਸਬੰਦੀ ਲੈਂਗਿਕ ਪਰਿਪੱਕਤਾ ਨਾਲ ਜੁੜੇ ਸਮਾਜ – ਵਿਰੋਧੀ ਵਿਹਾਰਾਂ ਦੇ ਵਿਕਾਸ ਰੋਕਣ ਦੇ ਨਾਲ-ਨਾਲ ਅਣਇੱਛਿਤ ਬਿੱਲੀ ਦੇ ਬੱਚਿਆਂ ਦੇ ਨਾ ਹੋਣ ਦੀ ਗਾਰੰਟੀ ਦਿੰਦਾ ਹੈ।

**ਪੁਰਾਤਨ ਵਹਿਮ ਵਿੱਚ ਕੋਈ *ਸੱਚਾਈ ਨਹੀਂ* ਹੈ ਕਿ ਮਾਦਾ ਬਿੱਲੀਆਂ ਨੂੰ ਨਸਬੰਦੀ ਕਰਨ ਤੋਂ ਪਹਿਲਾਂ ਬੱਚਿਆਂ ਨੂੰ ਜਨਮ ਦੇਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਅਸਲ ਵਿੱਚ ਬੱਚੇ ਪੈਦਾ ਕਰਨ ਨਾਲ ਉਹਨਾਂ ਲਈ ਕੈਂਸਰ ਦਾ ਖ਼ਤਰਾ ਵੱਧਦਾ ਹੈ।**

ਨਸਬੰਦੀ ਨਾ ਕਰਵਾਉਣ ਵਾਲੀਆਂ ('ਪੂਰਨ') ਨਰ ਬਿੱਲੀਆਂ ਦੇ ਅਣਇੱਛਿਤ ਵਿਹਾਰ ਜਿਵੇਂ ਤਿੱਖੀ ਗੰਧ ਵਾਲੇ ਪਿਸ਼ਾਬ (ਘਰ ਅੰਦਰ ਸਮੇਤ) ਅਤੇ ਹੋਰ ਬਿੱਲੀਆਂ ਨਾਲ ਲੜਣ ਦੀ ਸੰਭਾਵਨਾ ਹੁੰਦੀ ਹੈ। ਉਹ ਲੋਕਾਂ ਨਾਲ ਹੋਰ ਵੀ ਅਕਰਾਮਕ ਹੋ ਸਕਦੀਆਂ ਹਨ ਅਤੇ ਆਮ ਤੌਰ 'ਤੇ ਨਸਬੰਦੀ ਕਰਵਾਉਣ ਵਾਲੀਆਂ ਨਰ ਬਿੱਲੀਆਂ ਨਾਲੋਂ ਘੱਟ ਸਨੇਹੀ ਹੁੰਦੀਆਂ ਹਨ।

ਨਸਬੰਦੀ ਨਾ ਕੀਤੀਆਂ ਬਿੱਲੀਆਂ ਦੇ ਸੱਟ ਲੱਗਣ ਦਾ ਜ਼ੋਖਿਮ ਵੱਧ ਹੁੰਦਾ ਹੈ, ਉਹਨਾਂ ਦੇ ਕੁਚਲ ਜਾਣ ਅਤੇ ਸੰਭਾਵਿਤ ਤੌਰ 'ਤੇ ਘਾਤਕ ਰੋਗਾਂ ਜਿਵੇਂ ਫੈਲਾਇਨ ਇਮਿਊਨੋਡੈਫੀਸ਼ੈਂਸੀ ਵਾਇਰਸ ਅਤੇ ਫੈਲਾਇਨ ਲਿਊਕੇਮੀਆ ਵਾਇਰਸ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਨਸਬੰਦੀ ਨਰ ਅਤੇ ਮਾਦਾ ਦੋਵੇਂ ਬਿੱਲੀਆਂ ਵਿੱਚ ਕੈਂਸਰ ਦੇ ਕਈ ਪ੍ਰਕਾਰ ਦੇ ਜ਼ੋਖਿਮ ਘਟਾਉਂਦੀ ਹੈ।

**ਨਸਬੰਦੀ ਬਿੱਲੀਆਂ ਨੂੰ ਹੋਰ ਸਿਹਤਮੰਦ, ਖੁਸ਼, ਘੱਟ ਭਟਕਣ ਦੇ ਯੋਗ ਬਣਾਉਂਦੀ ਹੈ; ਸੰਖੇਪ ਵਿੱਚ, ਨਸਬੰਦੀ ਕੀਤੀਆਂਬਿੱਲੀਆਂ ਬਿਹਤਰ ਪਾਲਤੂ ਬਣਦੀਆਂ ਹਨ।**

## ਇਸ ਵਿੱਚ ਦੀ ਸ਼ਾਮਲ ਹੁੰਦਾ ਹੈ?

ਨਸਬੰਦੀ ਜਾਂ ਸ਼ੁਰੂਆਤੀ ਉਮਰ ਵਿੱਚ ਨਸਬੰਦੀ ਨਾਲ ਜੁੜੇ ਲੰਬੇ-ਸਮੇਂ ਦੇ ਗਿਆਤ ਖ਼ਤਰੇ ਨਹੀਂ ਹਨ। ਸ਼ੁਰੂਆਤੀ – ਉਮਰ ਵਿੱਚ ਨਸਬੰਦੀ 20 ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਹੈ ਅਤੇ ਬਿੱਲੀਆਂ ਲਈ ਚਿਕਿਤਸਾ ਪੱਖੋਂ ਅਤੇ ਵਿਹਾਰਕ ਤੌਰ 'ਤੇ ਬਿੱਲੀਆਂ ਲਈ ਸੁਰੱਖਿਅਤ ਪਾਈ ਗਈ ਹੈ।

ਮਾਦਾ ਬਿੱਲੀਆਂ ਦੀ ਨਸਬੰਦੀ (ਜਿਸਨੂੰ ਸਪ੍ਰੇਇੰਗ/ਸਪੇਇੰਗ) ਕਿਹਾ ਜਾਂਦਾ ਹੈ ਵਿੱਚ ਯੋਨੀਆਂ ਅਤੇ ਗਰਭਕੋਸ਼ ਦਾ ਸਰਜਰੀ ਰਾਹੀਂ ਹਟਾਉਣਾ ਸ਼ਾਮਿਲ ਹੁੰਦਾ ਹੈ (ਸਾਇਡ ਜਾਂ ਪੇਟ 'ਤੇ ਛੋਟਾ ਕਿਹਾ ਚੀਰਾ ਲਗਾ ਕੇ) ਜਦਕਿ ਬਿੱਲੀ ਦੇ ਆਮ ਸੁੰਨਕਾਰਕ ਦਵਾਈ ਲਗਾਈ ਜਾਂਦੀ ਹੈ। ਸਰਜਰੀ ਤੋਂ ਬਾਅਦ, ਬਿੱਲੀ ਨੂੰ ਆਰਾਮ ਦੀ ਲੋੜ ਪਵੇਗੀ ਅਤੇ ਉਸਨੂੰ ਅੰਦਰ ਰੱਖਣਾ ਚਾਹੀਦਾ ਹੈ ਅਤੇ ਅਗਲੇ ਕੁਝ ਦਿਨਾਂ ਲਈ ਸ਼ਾਂਤ ਰੱਖਣਾ ਚਾਹੀਦਾ ਹੈ। ਤੁਹਾਨੂੰ ਕੱਟ ਦੇ ਜ਼ਖਮ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਆਪਣੇ ਪਸ਼ੂ ਚਿਕਿਤਸਕ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੇ ਜ਼ਖਮ 'ਤੇ ਸੋਜਿਸ ਆਉਂਦੀ ਹੈ, ਬਿੱਲੀ ਰੋਂਦੀ ਹੈ ਜਾਂ ਖ਼ੂਨ ਨਿਕਲਦਾ ਹੈ। ਤੁਹਾਨੂੰ ਇਹ ਵੀ ਜਾਣਨਾ ਪਵੇਗਾ ਕਿ ਕੀ ਕਿਸ ਪ੍ਰਕਾਰ ਦੇ ਟਾਂਕੇ ਲਗਾਏ ਗਏ ਹਨ ਅਤੇ ਇਹ ਸੁਨਿਸ਼ਚਿਤ ਕਰਨਾ ਪਵੇਗਾ ਕਿ ਤੁਹਾਡੀ ਬਿੱਲੀ ਉਹਨਾਂ ਨੂੰ ਨਾ ਖਿੱਚੇ।

ਨਰ ਬਿੱਲੀ ਦੀ ਨਸਬੰਦੀ (ਇਸਨੂੰ ਨਿਊਟਰਿੰਗ ਵੀ ਕਿਹਾ ਜਾਂਦਾ ਹੈ) ਆਮ ਐਨਸਥੈਟਿਕ ਨਾਲ ਵੀ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਅੰਡਕੋਸ਼ ਥੈਲੀ ਵਿੱਚ ਇੱਕ ਛੋਟੇ ਚੀਰ ਨਾਲ ਅੰਡਕੋਸ਼ਾਂ ਦੀ ਹਟਾਉਣਾ ਸ਼ਾਮਿਲ ਹੁੰਦਾ ਹੈ। ਇਸ ਵਿੱਚ ਕੋਈ ਟਾਂਕੇ ਨਹੀਂ ਲੱਗਦੇ। ਸਰਜਰੀ ਤੋਂ ਬਾਅਦ ਬਿੱਲੀ ਨੂੰ ਅੰਦਰ ਰੱਖਣਾ ਚਾਹੀਦਾ ਹੈ ਅਤੇ ਕੁਝ ਦਿਨ ਸ਼ਾਂਤ ਰੱਖਣਾ ਚਾਹੀਦਾ ਹੈ।

ਬਹੁਤ ਸਾਰੇ ਨਰ ਅਤੇ ਮਾਦਾ ਬਿੱਲੀਆਂ ਦੇ ਬੱਚੇ ਨਸਬੰਦੀ ਤੋਂ ਜਲਦੀ ਭਰਪਾਈ ਕਰਦੇ ਹਨ। ਤੁਹਾਡਾ ਪਸ਼ੂ ਚਿਕਿਤਸਕ ਤੁਹਾਨੂੰ ਆਪਰੇਸ਼ਨਾਂ ਬਾਅਦ ਦੀਆਂ ਸੰਭਾਲ ਹਿਦਾਇਤਾਂ ਦੇਵੇਗਾ। ਇਹ ਯਕੀਨੀ ਬਣਾਓ ਕਿ ਤੁਹਾਡੀ ਬਿੱਲੀ ਬਹੁਤ ਸਾਰਾ ਪਾਣੀ ਪੀਂਦੀ ਹੈ ਅਤੇ ਉਹ ਆਪਣੇ ਪਸੰਦੀਦਾ ਭੋਜਨ ਖਾਂਦੀ ਹੈ। ਉਹਨਾਂ ਦਾ ਨਜ਼ਦੀਕ ਤੋਂ ਨਿਰੀਖਣ ਕਰੋ ਅਤੇ ਜੇ ਤੁਹਾਡੀ ਬਿੱਲੀ ਉਦਾਸੀਨ ਲੱਗਦੀ ਹੈ ਅਤੇ 24 ਘੰਟਿਆਂ ਵਿੱਚ ਉਸਨੂੰ ਮੁੜ ਤੋਂ ਆਮ ਭੁੱਖ ਨਹੀਂ ਲੱਗਦੀ, ਤਾਂ ਆਪਣੇ ਪਸ਼ੂ ਚਿਕਿਤਸਕ ਨਾਲ ਸੰਪਰਕ ਕਰੋ।

## ਫਾਇਦੇ

ਨਸਬੰਦੀ ਦੇ ਫਾਇਦੇ – ਕੋਈ ਅਣਇੱਛਿਤ ਬੱਚੇ ਨਹੀਂ; ਸਮਾਜ – ਵਿਰੋਧੀ ਵਿਹਾਰਾਂ ਦੇ ਵਿਕਾਸ ਨੂੰ ਰੋਕਦੀ ਹੈ ਅਤੇ ਅਨੇਕਾਂ ਬਿਮਾਰੀਆਂ ਦੇ ਖ਼ਤਰੇ ਘਟਾਉਂਦੀ ਹੈ – ਜ਼ੋਖਿਮ ਨੂੰ ਦੂਰ ਕਰਦੀ ਹੈ।

ਦੁਖਦਾਈ ਤਰੀਕੇ ਨਾਲ, NSW ਵਿੱਚ ਹਰ ਸਾਲ ਹਜ਼ਾਰਾਂ ਬਿੱਲੀਆਂ ਪੌਂਡ ਅਤੇ ਸ਼ਰਨ ਸਥਾਨਾਂ ਵਿੱਚ ਮਰ (ਮੌਤ) ਜਾਂਦੀਆਂ ਹਨ ਕਿਉਂਕਿ ਇੱਥੇ ਬਹੁਤ ਸਾਰੀਆਂ ਬਿੱਲੀਆਂ ਅਤੇ ਉਹਨਾਂ ਦੇ ਬੱਚੇ ਹੋ ਜਾਂਦੇ ਹਨ ਅਤੇ ਕਾਫੀ ਘਰ ਨਹੀਂ ਮਿਲ ਪਾਉਂਦੇ। ਤੁਸੀਂ ਅਜਿਹਾ ਹੋਣਾ ਰੋਕਣ ਵਿੱਚ ਨਸਬੰਦੀ ਸੁਨਿਸ਼ਚਿਤ ਕਰਕੇ ਮਦਦ ਕਰ ਸਕਦੇ ਹੋ।

ਵੱਖ-ਵੱਖ ਵੈਟ ਕਲੀਨਿਕ ਲਗਭਗ $120 ਤੋਂ ਲਗਭਗ $300 ਤੱਕ, ਨਸਬੰਦੀ ਲਈ ਵੱਖ-ਵੱਖ ਕੀਮਤਾਂ ਚਾਰਜ ਕਰਦੇ ਹਨ। **ਜੇ ਤੁਹਾਨੂੰ ਕਿਫਾਇਤੀ ਨਸਬੰਦੀ ਤੱਕ ਪਹੁੰਚ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ ਕੈਟ ਪ੍ਰੋਟੈਕਸ਼ਨ ਤੁਹਾਡੀ ਮਦਦ ਕਰ ਸਕਦੀ ਹੈ।** ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ, ਤਾਂ ਕਿਰਪਾ ਕਰਕੇ ਆਪਣੇ ਅੰਗਰੇਜ਼ੀ ਬੋਲਣ ਵਾਲੇ ਦੋਸਤ ਜਾਂ ਰਿਸ਼ਤੇਦਾਰ ਨੂੰ ਸਾਡੇ ਦਫ਼ਤਰ ਵਿੱਚ ਕਾਲ ਕਰਨ ਲਈ ਕਹੋ (ਸਵੇਰੇ 9 ਸ਼ਾਮ 4 ਵਜੇ, ਸੋਮਵਾਰ ਤੋਂ ਸ਼ੁੱਕਰਵਾਰ, 9519 7201) ਅਤੇ ਅਸੀਂ ਇੱਕ ਕਲਿਨਿਕ ਜਾਂ ਪ੍ਰੋਗਰਾਮ ਖੋਜ ਸਕਦੇ ਹਾਂ ਜੋ ਤੁਹਾਡੀ ਬਿੱਲੀ ਲਈ ਛੋਟ 'ਤੇ ਨਸਬੰਦੀ ਸੇਵਾ ਪ੍ਰਦਾਨ ਕਰੇਗਾ।

## ਮਾਇਕ੍ਰੋਚਿਪਿੰਗ ਅਤੇ ਰਜਿਸਟ੍ਰੇਸ਼ਨ ਕੀ ਹੈ?

ਇੱਕ ਮਾਇਕ੍ਰੋਚਿਪ ਚਾਵਲ ਦੇ ਦਾਣੇ ਦੇ ਆਕਾਰ ਦੀ ਹੁੰਦੀ ਹੈ ਇਸ ਵਿੱਚ ਇੱਕ ਬਾਰਕੋਡ ਸ਼ਾਮਿਲ ਹੁੰਦਾ ਹੈ ਜਿਸਨੂੰ ਛੋਟੇ ਜਿਹੇ ਹੱਥ ਨਾਲ ਪਕੜਣ ਵਾਲੇ ਡਿਵਾਇਸ ਨਾਲ 'ਪੜ੍ਹਿਆ' ਜਾਂ ਸਕਦਾ ਹੈ ਜਿਸਨੂੰ ਮਾਇਕ੍ਰੋਚਿਪ ਸਕੈਨਰ ਕਿਹਾ ਜਾਂਦਾ ਹੈ। ਮਾਇਕ੍ਰੋਚਿਪ ਇੱਕ ਸਥਾਨ ਜਾਂ ਟ੍ਰੈਕਿੰਗ ਡਿਵਾਇਸ ਨਹੀਂ ਹੈ। ਇਹ ਮੋਢਿਆਂ ਦੇ ਨਜ਼ਦੀਕ ਚਮੜੀ ਦੇ ਹੇਠਾਂ ਲਗਾਈ ਜਾਂਦੀ ਹੈ ਮਾਇਕ੍ਰੋਚਿਪ ਬਾਰਕੋਡ ਦੇ ਨੰਬਰ ਡਾਟਾਬੇਸ, ਵਿੱਚ NSW ਕੰਪੇਨੀਅਨ ਐਨੀਮਲਸ ਰਜਿਸਟਰ ਵਿੱਚ ਦਰਜ ਕੀਤੇ ਜਾਂਦੇ ਹਨ ਅਤੇ ਜਦੋਂ ਤੁਸੀਂ ਆਪਣੀ ਬਿੱਲੀ ਰਜਿਸਟਰ ਕਰਦੇ ਹੋ, ਤਾਂ ਤੁਹਾਡਾ ਪਤਾ ਅਤੇ ਸੰਪਰਕ ਵੇਰਵੇ ਫਿਰ ਮਾਇਕ੍ਰੋਚਿਪ ਨੰਬਰ ਨਾਲ ਲਿੰਕ ਕੀਤੇ ਜਾਂਦੇ ਹਨ।

ਇਸਦਾ ਅਰਥ ਹੈ ਕਿ ਜੇ ਤੁਹਾਡੀ ਬਿੱਲੀ ਗੁੰਮ ਜਾਂਦੀ ਹੈ ਅਤੇ ਇੱਕ ਪੌਂਡ ਜਾਂ ਸ਼ਰਨ ਸਥਾਨ 'ਤੇ ਲੈ ਜਾਇਆ ਜਾਂਦਾ ਹੈ ਅਤੇ, ਸਟਾਫ਼ ਉੱਥੇ ਤੁਹਾਡੀ ਬਿੱਲੀ ਦੇ ਮਾਇਕ੍ਰੋਚਿਪ ਨੰਬਰ ਨੂੰ 'ਪੜ੍ਹਣ' ਲਈ ਸਕੈਨਰ ਵਰਤ ਸਕਦਾ ਹੈ। ਜਦੋਂ ਉਹ ਕੰਪੇਨੀਅਨ ਐਨੀਮਲਸ ਰਜਿਸਟਰ ਵਿੱਚ ਉਹ ਨੰਬਰ ਦੇਖਦੇ ਹਨ, ਤਾਂ ਉਹ ਆਪਣੇ ਸੰਪਰਕ ਵੇਰਵੇ ਦੇਖਣਗੇ ਅਤੇ ਉਹ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰਨਗੇ ਕਿ ਤੁਹਾਡੀ ਬਿੱਲੀ ਉਹਨਾਂ ਨਾਲ ਹੈ।

ਤੁਹਾਡੀ ਜਾਣਕਾਰੀ ਗੁਪਤ ਹੈ ਅਤੇ ਕੌਂਸਲਾਂ, ਪੌਂਡਸ, ਸ਼ੈਲਟਰ ਅਤੇ ਵੈਟ ਕਲੀਨਿਕ ਵਿੱਚ ਅਧਿਕ੍ਰਿਤ ਸਟਾਫ਼ ਇਹ ਦੇਖ ਸਕਦਾ ਹੈ।

ਤੁਹਾਡੇ ਪਾਲਤੂ ਜਾਨਵਰਾਂ ਨੂੰ ਮਾਇਕ੍ਰੋਚਿਪ ਲਗਾਉਣਾ ਅਤੇ ਰਜਿਸਟਰ ਕਰਨਾ NSW ਕਾਨੂੰਨ ਰਾਹੀਂ ਜ਼ਰੂਰੀ ਹੁੰਦਾ ਹੈ। ਉਮਰ ਦੇ ਚਾਰ-ਮਹੀਨੇ ਪਹਿਲਾਂ ਨਸਬੰਦੀ ਲਈ ਇੱਕ ਬਿੱਲੀ ਨੂੰ ਰਜਿਸਟਰ ਕਰਨਾ ਖਾਸ ਤੌਰ 'ਤੇ ਸਸਤਾ ਹੁੰਦਾ ਹੈ। ਜ਼ਿਆਦਾ ਜਾਣਕਾਰੀ ਲਈ ਆਪਣੀ ਨਜ਼ਦੀਕੀ ਕੌਂਸਿਲ ਨਾਲ ਸੰਪਰਕ ਕਰੋ ਜਾਂ https://www.olg.nsw.gov.au/public/dogs-cats/ 'ਤੇ ਜਾਓ

ਆਪਣਾ ਸੰਪਰਕ ਵੇਰਵਾ ਅਪ-ਟੂ-ਡੇਟ ਰੱਖਣਾ ਜ਼ਰੂਰੀ ਹੈ ਤਾਂ ਕਿ ਤੁਸੀਂ ਆਪਣੀ ਬਿੱਲੀ ਨੂੰ ਵਾਪਿਸ ਪਾ ਸਕੋ ਜੇ ਉਹ ਕਦੇ ਗੁੰਮ ਹੋ ਜਾਂਦੀ ਹੈ। ਤੁਸੀਂ NSW ਪੈਟ ਰਜਿਸਟਰੀ ਨਾਲ ਆਪਣਾ ਖਾਤਾ ਤਿਆਰ ਕਰਕੇ ਜਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰਕੇ ਆਪਣਾ ਫ਼ੋਨ ਅਤੇ ਪਤਾ ਅਪਡੇਟ ਕਰ ਸਕਦੇ ਹੋ।

**ਮੇਰੀ ਬਿੱਲੀ ਨੂੰ ਕਿਹੜੀਆਂ ਦਵਾਈਆਂ ਲੈਣੀਆਂ ਚਾਹੀਦੀਆਂ ਹਨ?**

ਬਿੱਲੀ ਦੇ ਸਾਰੇ ਬੱਚਿਆਂ ਦਾ F3 ਟੀਕਾਕਰਨ ਦਾ ਆਪਣਾ ਪੂਰਾ ਕੋਰਸ ਹੈ ਅਤੇ ਉਸ ਤੋਂ ਬਾਅਦ, ਤੁਹਾਡੇ ਪਸ਼ੂ ਚਿਕਿਤਸਕ ਦੀ ਸਲਾਹ ਦੇ ਆਧਾਰ 'ਤੇ ਹਰ ਇੱਕ ਤੋਂ ਤਿੰਨ ਸਾਲ ਬਾਅਦ ਬੂਸਟਰ ਲਗਾਏ ਜਾਂਦੇ ਹਨ। F3 ਨੂੰ ਇੱਕ 'ਮੁੱਢਲਾ' ਟੀਕਾ ਵੀ ਕਿਹਾ ਜਾਂਦਾ ਹੈ ਅਤੇ ਇਹ ਫੈਲਾਇਨ ਪੈਨਲਿਊਕੋਪੇਨੀਆ ਵਾਇਰਸ, ਫੈਲਾਇਨ ਕੈਲੀਸੀਵਾਇਰਸ ਅਤੇ ਫੈਲਾਇਨ ਹੈਰਪਸ ਵਾਇਰਸ ਵਿਰੁੱਧ ਸੁਰੱਖਿਆ ਪ੍ਰਦਾਨ ਕਰਦਾ ਹੈ।

ਤੁਹਾਡੀ ਬਿੱਲੀ ਨੂੰ ਕੀੜਿਆਂ (ਪਿੱਸੂ ਅਤੇ ਸੁੰਡੀਆਂ) ਤੋਂ ਬਚਣ ਲਈ ਨਿਯਮਿਤ ਤੌਰ 'ਤੇ ਉਪਚਾਰ ਦੀ ਲੋੜ ਪੈਂਦੀ ਹੈ। ਆਪਣੀ ਬਿੱਲੀ 'ਤੇ ਕੁੱਤਿਆਂ ਲਈ ਤਿਆਰ ਉਤਪਾਦ ਕਦੇ ਨਾ ਵਰਤੋ-ਇਹ ਤੁਹਾਡੀ ਬਿੱਲੀ ਦੀ ਮੌਤ ਦਾ ਕਾਰਨ ਬਣ ਸਕਦੇ ਹਨ। ਪਿੱਸੂ ਅਤੇ ਸੁੰਡੀਆਂ ਤੁਹਾਡੀ ਬਿੱਲੀ ਦੇ ਨਾਲ-ਨਾਲ ਤੁਹਾਡੇ ਘਰ ਦੇ ਹੋਰ ਪਾਲਤੂ ਜਾਨਵਰਾਂ ਅਤੇ ਲੋਕਾਂ ਲਈ ਵੀ ਸਿਹਤ ਸਬੰਧੀ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੇ ਹਨ।

ਜੇ ਤੁਹਾਡੀ ਬਿੱਲੀ ਵਿੱਚ ਬਿਮਾਰੀ ਦੇ ਲੱਛਣ (ਉਦਾਹਰਨ ਲਈ, ਭੁੱਖ ਦੀ ਕਮੀ ਜਾਂ ਬਹੁਤ ਜ਼ਿਆਦਾ ਪਿਆਸ) ਜਾਂ ਸੱਟ (ਉਦਾਹਰਨ ਲਈ, ਛੂਹਣ 'ਤੇ ਕੁੱਦਣਾ) ਜਾਂ ਬਦਲੇ ਵਿਹਾਰ (ਜਿਵੇਂ ਕਿ ਲੁਕਣਾ ਜੇ ਉਹ ਆਮ ਤੌਰ 'ਤੇ ਅਜਿਹਾ ਨਹੀਂ ਕਰਦੀਆਂ) ਦਿਖਦੇ ਹਨ, ਤਾਂ ਤੁਹਾਨੂੰ ਉਹਨਾਂ ਨੂੰ ਪਸ਼ੂ ਚਿਕਿਤਸਕ ਕੋਲ ਲੈ ਜਾਣਾ ਚਾਹੀਦਾ ਹੈ। ਚਾਹੇ ਤੁਹਾਡੀ ਬਿੱਲੀ ਜਦੋਂ ਸਿਹਤਮੰਦ ਹੁੰਦੀ ਹੈ, ਤੁਹਾਨੂੰ ਉਸਨੂੰ ਸਾਲ ਵਿੱਚ ਇੱਕ ਵਾਰ ਚੈਕ-ਅਪ ਲਈ ਆਪਣੇ ਪਸ਼ੂ ਚਿਕਿਤਸਕ ਕੋਲ ਲੈ ਜਾਣਾ ਚਾਹੀਦਾ ਹੈ: ਯਾਦ ਰੱਖੋ, 12 ਮਹੀਨੇ ਬਿੱਲੀ ਦੇ ਜੀਵਨ ਕਾਲ ਵਿੱਚ ਇੱਕ ਲੰਬਾ ਸਮਾਂ ਹੁੰਦਾ ਹੈ।

**ਪੋਸ਼ਣ ਅਤੇ ਜੀਵਨਸ਼ੈਲੀ**

ਸਾਰੀਆਂ ਬਿੱਲੀਆਂ ਨੂੰ ਚੰਗੇ ਆਹਾਰ, ਬਹੁਤ ਸਾਰੇ ਤਾਜ਼ੇ ਪਾਣੀ (ਉਹਨਾਂ ਦੇ ਵਰਤਾਏ ਗਏ ਭੋਜਨ ਤੋਂ ਦੂਰ ਕਟੋਰੀਆਂ ਵਿੱਚ ਰੱਖਿਆ ਜਾਵੇ), ਇੱਕ ਸਾਫ਼ ਪਖਾਨਾ ਟ੍ਰੇ ਅਤੇ ਸੁਰੱਖਿਅਤ ਅਤੇ ਸੌਣ ਲਈ ਆਰਾਮਦਾਇਕ ਸਥਾਨ ਦੀ ਲੋੜ ਹੁੰਦੀ ਹੈ। ਉਹਨਾਂ ਨੂੰ ਖੇਡਣ ਦੇ ਸਮੇਂ ਤੋਂ ਵੀ ਲਾਭ ਮਿਲਦਾ ਹੈ-ਇਹ ਉਹਨਾਂ ਨੂੰ ਮਾਨਸਿਕ ਅਤੇ ਸਰੀਰਿਕ ਤੌਰ ‘ਤੇ ਸਿਹਤਮੰਦ ਰੱਖਣ ਵਿੱਚ ਮਦਦ ਕਰਦਾ ਹੈ। ਤੁਹਾਨੂੰ ਬਹੁਤ ਜ਼ਿਆਦਾ ਧਨ ਖ਼ਰਚ ਕਰਨ ਦੀ ਲੋੜ ਨਹੀਂ- ਬਿੱਲੀਆਂ ਨੂੰ ਗੱਤੇ ਦੇ ਡੱਬੇ, ਕਾਗਜ਼ ਨੂੰ ਛਾਨ ਕੇ ਪਿੱਛਾ ਕਰਨਾ ਚੰਗਾ ਲੱਗਦਾ ਹੈ ਅਤੇ ਤੁਸੀਂ ਗੱਤੇ ਦੀ ਟਿਊਬ (ਜਿਵੇਂ ਕਿ ਖਾਲੀ ਟੁਆਇਲਟ ਪੇਪਰ ਰੋਲ) ਵਿੱਚ ਆਪਣੀ ਬਿੱਲੀ ਦੇ ਬਿਸਕੁਟ ਰੱਖ ਕੇ ਉਹਨਾਂ ਲਈ ਫੂਡ ਪਜ਼ਲ ਬਣਾ ਸਕਦੇ ਹੋ। ਬਿੱਲੀਆਂ ਨੂੰ ਉੱਚੇ ਸਥਾਨ ‘ਤੇ ਬਸੇਰਾ ਕਰਨ ਦਾ ਲਾਭ ਮਿਲਦਾ ਹੈ-ਉੱਚੀ ਥਾਂ ਬਿੱਲੀਆਂ ਲਈ ਮਹੱਤਵਪੂਰਨ ਹੈ- ਅਤੇ ਉਹਨਾਂ ਨੂੰ ਕਿਤੇ ਖੁੱਲ੍ਹਣ ਅਤੇ ਆਪਣੇ ਪੰਜਿਆਂ ਨਾਲ ਕੰਮ ਕਰਨ ਦੀ ਲੋੜ ਹੁੰਦੀ ਹੈ, ਜਿਵੇਂ ਕਿ ਮਜ਼ਬੂਤ ਖਰੋਚ ਖੰਭਾ।

ਬਿੱਲੀ ਦਾ ਭੋਜਨ ਖਰੀਦਣ ਸਮੇਂ, ਇਹ ਯਕੀਨੀ ਬਣਾਓ ਕਿ ਲੇਬਲ ‘ਤੇ ਲਿਖਿਆ ਹੋਵੇ “ਪੂਰਨ ਪੋਸ਼ਕ ਤੱਤ ਅਤੇ ਸੰਤੁਲਿਤ”- ਬਿੱਲੀਆਂ ਦੀਆ ਬਹੁਤ ਖਾਸ ਆਹਾਰ ਸਬੰਧੀ ਲੋੜਾਂ ਹੁੰਦੀਆਂ ਹਨ ਅਤੇ ਉਹ ਬਹੁਤ ਬਿਮਾਰ ਹੋ ਜਾਂਦੀਆਂ ਹਨ ਜੇ ਉਹਨਾਂ ਨੂੰ ਉਹਨਾਂ ਦੇ ਲੋੜੀਂਦੇ ਸਾਰੇ ਵਿਟਾਮਿਨ ਅਤੇ ਖਣਿਜ ਨਹੀਂ ਮਿਲਦੇ। ਕੁੱਤੇ ਦਾ ਭੋਜਨ ਬਿੱਲੀ ਦੇ ਭੋਜਨ ਦਾ ਬਦਲ ਨਹੀਂ ਹੋ ਸਕਦਾ। ਬਿੱਲੀ ਦੇ ਕੁਝ ਭੋਜਨ ‘ਤੇ ‘ਪੂਰਕ’ ਦਾ ਲੇਬਲ ਲੱਗਿਆ ਹੁੰਦਾ ਹੈ- ਇਸਨੂੰ ਕੇਵਲ ਕਈ ਵਾਰ ਉਪਚਾਰ ਦੇ ਤੌਰ ‘ਤੇ ਦੇਣਾ ਚਾਹੀਦਾ ਹੈ ਕਿਉਂਕਿ ਇਹ ਤੁਹਾਡੀ ਬਿੱਲੀ ਦੀਆਂ ਪੋਸ਼ਕ ਲੋੜਾਂ ਨੂੰ ਪੂਰਾ ਨਹੀਂ ਕਰਦਾ।

ਜੇ ਤੁਹਾਡੀ ਬਿੱਲੀ ਖਾਸ ਤੌਰ ‘ਤੇ ਅੰਦਰ ਨਹੀਂ ਰੱਖੀ ਜਾਂਦੀ, ਤਾਂ ਉਸਨੂੰ ਆਪਣੀ ਬਾੜ ਦੀ ਕੈਟ-ਪਰੂਫਿੰਗ ਨਾਲ ਆਪਣੀ ਸੰਪੱਤੀ ਵਿੱਚ ਰੱਖਣ ਦੀ ਕੋਸ਼ਿਸ਼ ਕਰੋ। ਤੁਹਾਡੀ ਬਿੱਲੀ ਦੀ ਸਿਹਤ ਅਤੇ ਸੁਰੱਖਿਆ ਲਈ, ਨਜ਼ਦੀਕੀ ਸੁਵਿਧਾ ਅਤੇ ਜੰਗਲੀ ਜੀਵਨ ਸੁਰੱਖਿਆ *ਹਮੇਸ਼ਾ* ਰਾਤ ਭਰ ਅੰਦਰ ਤੁਹਾਡੀ ਬਿੱਲੀ ਨੂੰ ਸੁਰੱਖਿਅਤ ਤਰੀਕੇ ਨਾਲ ਰੱਖਦੇ ਹਨ।

103 Enmore Road, Newtown 2042
ਟੈਲੀਫੋਨ 9519 7201 ਜਾਂ 9557 4818 ਫੈਕਸ 9557 8052 info@catprotection.org.au
www.catprotection.org.au